# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ: 0172- 2623207, 2620106**

**ਫੈਕਸ:0172-2624687, ਈ-ਮੇਲ: ssa.punjab@yahoo.com**


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।

ਸਮੂਹ ਸਕੂਲ ਮੁਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ: 50/ਸ.ਸ.ਅ/ਪੈਡਾਗੋਜ਼ੀ/87654-87693

ਮਿਤੀ: ਚੰਡੀਗੜ੍ਹ 03.10.2011

**ਵਿਸ਼ਾ:-** **ਪਰੀਖਿਆ ਫੀਸ ਲੈਣ ਸਬੰਧੀ।**

ਇਸ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਜ਼ਿਲ੍ਹਿਆਂ ਵਿੱਚ ਸਕੂਲ ਮੁਖੀਆਂ ਵਲੋਂ ਵਿਦਿਆਰਥੀਆਂ ਕੋਲੋਂ ਪਰੀਖਿਆ ਫੀਸ ਇਕੱਤਰ ਕੀਤੀ ਜਾ ਰਹੀ ਹੈ। ਅਜਿਹਾ ਕੰਮ ਕਰਨਾ ਬਿਲਕੁਲ ਗਲਤ ਹੈ। ਇਸ ਪੱਤਰ ਰਾਹੀਂ ਸਭ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਪ੍ਰੈਕਟਿਸ ਬਿਲਕੁਲ ਬੰਦ ਕਰ ਦਿੱਤੀ ਜਾਵੇ।

ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਬਾਈ ਮੰਥਲੀ ਸਿਸਟਮ ਅਧੀਨ ਜਿਸ ਮਹੀਨੇ ਦੇ ਮੁਲਾਂਕਣ ਟੂਲ ਅਧਿਆਪਕਾਂ ਨੇ ਖੁਦ ਤਿਆਰ ਕਰਨੇ ਹਨ, ਇਹਨਾਂ ਨੂੰ ਛਪਾਉਣ ਦੀ ਕੋਈ ਜਰੂਰਤ ਨਹੀਂ। ਅਧਿਆਪਕ ਆਪਣੇ ਪੀਰੀਅਡ ਵਿੱਚ ਬਲੈਕ ਬੋਰਡ ਤੇ ਪ੍ਰਸ਼ਨ ਲਿਖ ਕੇ ਵਿਦਿਆਰਥੀਆਂ ਨੂੰ ਦੱਸਣ। ਉਪਰੰਤ ਉਹਨਾਂ ਦੇ ਉੱਤਰ ਵਿਦਿਆਰਥੀ ਨੋਟ ਬੁੱਕ ਤੇ ਲਿਖ ਕੇ ਚੈੱਕ ਕਰਵਾਉਣ ਤੇ ਇਸ ਤਰ੍ਹਾਂ ਵਿਸ਼ਾ ਅਧਿਆਪਕ ਉਹਨਾਂ ਦਾ ਮੁਲਾਂਕਣ ਕਰਨ।

ਇਸ ਹਦਾਇਤ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

**ਉਤਾਰਾ** : ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

1. ਡੀ.ਐਮ. (ਐਮ.ਆਈ.ਐਸ), ਵੈੱਬ ਸਾਈਟ ਲਈ